File No. FD-FB-108/8/2020-4FB1

1/103202/2020

MOST IMPORTANT

BUDGET MATTER

ਨੰ:3/2/2018-4FB1/103202

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਬਜਟ-1 ਸ਼ਾਖਾ)

ਮਿਤੀ, ਚੰਡੀਗੜ੍ਹ : 11 ਨਵੰਬਰ,2020

ਸੇਵਾ ਵਿਖੇ

1. ਸਮੂਹ ਵਿਸ਼ੇਸ਼ ਮੁੱਖ ਸਕੱਤਰ, ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ;
2. ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
3. ਸਮੂਹ ਡਵੀਜਨਾਂ ਦੇ ਕਮਿਸ਼ਨਰਜ਼;
4. ਸਮੂਹ ਡਿਪਟੀ ਕਮਿਸ਼ਨਰਜ਼, ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ;
5. ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ;
6. ਸਕੱਤਰ, ਪੰਜਾਬ ਵਿਧਾਨ ਸਭਾ।

**ਵਿਸ਼ਾ:** **ਵੱਖ-ਵੱਖ ਪ੍ਰਬੰਧਕੀ ਵਿਭਾਗਾਂ ਵਲੋਂ ਵਿੱਤ ਵਿਭਾਗ ਦੀ ਪ੍ਰਵਾਨਗੀ ਲਈ ਭੇਜੀਆਂ ਜਾਣ ਵਾਲੀਆਂ ਤਜਵੀਜਾਂ ਵਿਚ ਉਨ੍ਹਾਂ ਦੇ ਵਿਭਾਗ ਵਿਚ ਤੈਨਾਤ ਐਸ.ਏ.ਐਸ. ਕਾਡਰ ਦੇ ਅਧਿਕਾਰੀ ਦੀ ਟਿੱਪਣੀ ਦਰਜ ਕਰਨ ਉਪਰੰਤ ਭਿਜਾਵਾਉਣ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਵਿਭਾਗ ਦੇ ਪੱਤਰ ਪੱਤਰ ਨੰ:3/2/2018-4ਵਿਬ1/295, ਮਿਤੀ 01-04-2020 ਦੇ ਹਵਾਲੇ ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕਰਨ ਜੀ।

2 ਵਿਸ਼ੇ ਵਿੱਚ ਦਰਜ ਮਾਮਲੇ ਸਬੰਧੀ ਵਿੱਤ ਵਿਭਾਗ ਵਲੋਂ ਪੱਤਰ ਨੰ:3/2/2018-4ਵਿਬ1/295, ਮਿਤੀ 01-04-2020 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੇ ਅਨੈਕਸਚਰ-ਏ ਦੇ ਪੈਰਾ VIII ਰਾਹੀ ਆਪ ਜੀ ਨੂੰ ਪਹਿਲਾਂ ਵੀ ਬੇਨਤੀ ਕੀਤੀ ਗਈ ਸੀ ਕਿ ਪ੍ਰਬੰਧਕੀ ਵਿਭਾਗਾਂ ਵਲੋਂ ਵਿੱਤ ਵਿਭਾਗ ਨੂੰ ਭੇਜੀਆਂ ਜਾਣ ਵਾਲੀਆਂ ਤਜਵੀਜਾਂ ਪ੍ਰਬੰਧਕੀ ਵਿਭਾਗ ਵਿਚ ਵਿੱਤ ਵਿਭਾਗ ਵਲੋਂ ਤੈਨਾਤ ਕੀਤੇ ਗਏ ਐਸ.ਏ.ਐਸ. ਕਾਡਰ ਦੇ ਅਧਿਕਾਰੀ ਦੀ ਟਿੱਪਣੀ ਦਰਜ ਕਰਦੇ ਹੋਏ ਹੀ ਵਿੱਤ ਵਿਭਾਗ ਨੂੰ ਭੇਜੀਆਂ ਜਾਣ, ਪਰ ਇਹ ਵੇਖਣ ਵਿਚ ਆਇਆ ਹੈ ਕਿ ਪ੍ਰਬੰਧਕੀ ਵਿਭਾਗਾਂ ਵਲੋਂ ਅਜਿਹੀਆਂ ਤਜਵੀਜਾਂ ਵਿੱਤ ਵਿਭਾਗ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ ਜਿਨ੍ਹਾਂ ਬਾਰੇ ਨਿਯਮਾਂ/ ਵਿੱਤ ਵਿਭਾਗ ਵਲੋਂ ਸਮੇਂ ਸਮੇਂ ਤੇ ਜਾਰੀ ਹੋਈਆਂ ਹਦਾਇਤਾਂ ਵਿਚ ਪਹਿਲਾਂ ਤੋਂ ਹੀ ਸਪਸ਼ਟ ਉਪਬੰਧ ਮੌਜੂਦ ਹੁੰਦਾ ਹੈਂ। ਇਸ ਤਰ੍ਹਾਂ ਵਿੱਤ ਵਿਭਾਗ ਨੂੰ ਅਧੂਰੀਆਂ ਤਜਵੀਜਾਂ ਪ੍ਰਾਪਤ ਹੋਣ ਕਰਕੇ ਮਾਮਲੇ ਸਬੰਧੀ ਫੈਸਲਾ ਲੈਣ ਵਿਚ ਬੇਲੋੜੀ ਦੇਰੀ ਹੁੰਦੀ ਹੈ ਅਤੇ ਵਿੱਤ ਵਿਭਾਗ ਅਤੇ ਪ੍ਰਬੰਧਕੀ ਵਿਭਾਗ ਦੋਨਾ ਦਾ ਹੀ ਸਮਾਂ ਬਰਬਾਦ ਹੁੰਦਾ ਹੈ।

3. ਉਪਰੋਕਤ ਦਰਸਾਈ ਸਥਿਤੀ ਸਨਮੁੱਖ ਪ੍ਰਬੰਧਕੀ ਵਿਭਾਗਾਂ ਦਾ ਧਿਆਨ ਵਿੱਤ ਵਿਭਾਗ ਦੇ ਪੱਤਰ ਨੰ: 3/2/2018-4ਵਿਬ1/295, ਮਿਤੀ 01-04-2020 ਦੇ ਅਨੈਕਸਚਰ –ਏ ਦੇ ਪੈਰਾ VIII ਵੱਲ ਦਿਵਾਉਂਦੇ ਹੋਏ ਮੁੱੜ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪ੍ਰਬੰਧਕੀ ਵਿਭਾਗ ਵਲੋਂ ਕੋਈ ਵੀ ਤਜਵੀਜ ਵਿੱਤ ਵਿਭਾਗ ਦੀ ਪ੍ਰਵਾਨਗੀ ਲਈ ਭੇਜੀ ਜਾਣੀ ਹੈ ਤਾਂ ਉਸ ਤਜਵੀਜ ਵਿਚ ਪ੍ਰਬੰਧਕੀ ਵਿਭਾਗ ਵਿਚ ਤੈਨਾਤ ਕੀਤੇ ਗਏ ਐਸ.ਏ.ਐਸ. ਕਾਡਰ ਦੇ ਅਧਿਕਾਰੀ ਦੀ ਟਿੱਪਣੀ ਦਰਜ ਕਰਨ ਉਪਰੰਤ ਹੀ ਤਜਵੀਜ ਵਿੱਤ ਵਿਭਾਗ ਨੂੰ ਭਿਜਵਾਉਣ ਦੀ ਕ੍ਰਿਪਾਲਤਾ ਕੀਤੀ ਜਾਵੇ।

**ਵਿਸ਼ਵਾਸਪਾਤਰ,**

ਹਰਵਿੰਦਰ ਸਿੰਘ

**(ਹਰਵਿੰਦਰ ਸਿੰਘ)**

**ਬਜਟ ਅਫਸਰ**

ਇਕ ਉਤਾਰਾ ਮੁੱਖ ਸਕੱਤਰ ਪੰਜਾਬ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫ਼ਸਰ

ਸੇਵਾ ਵਿਖੇ

ਮੁੱਖ ਸਕੱਤਰ, ਪੰਜਾਬ।

ਅੰ:ਵਿ:ਪੱ:ਨੰ: 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

ਇਕ ਉਤਾਰਾ ਮੁੱਖ ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ, ਪੰਜਾਬ ਅਤੇ ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫ਼ਸਰ

ਸੇਵਾ ਵਿਖੇ

1. ਮੁੱਖ ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ।
2. ਪ੍ਰਮੁੱਖ ਸਕੱਤਰ ਟੂ ਮੁੱਖ ਮੰਤਰੀ।

ਅੰ:ਵਿ:ਪੱ:ਨੰ: 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

ਇਕ ਉਤਾਰਾ ਸਕੱਤਰ ਖਰਚਾ, ਸਕੱਤਰ ਵਿੱਤ, ਵਿਸ਼ੇਸ਼ ਸਕੱਤਰ ਖਰਚਾ, ਵਿਸ਼ੇਸ਼ ਸਕੱਤਰ ਵਿੱਤ ਅਤੇ ਵਧੀਕ ਸਕੱਤਰ ਵਿੱਤ ਨੂੰ ਸੂਚਨਾ ਅਤੇ ਅਗਲਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।.

ਬਜਟ ਅਫ਼ਸਰ

ਸੇਵਾ ਵਿਖੇ

i. ਸਕੱਤਰ ਖਰਚਾ।
ii. ਸਕੱਤਰ ਵਿੱਤ।
iii. ਵਿਸ਼ੇਸ਼ ਸਕੱਤਰ ਖਰਚਾ।
iv. ਸਮੂਹ ਵਿਸ਼ੇਸ਼ ਸਕੱਤਰ ਵਿੱਤ।
v. ਸਮੂਹ ਵਧੀਕ ਸਕੱਤਰ ਵਿੱਤ।

ਅੰ:ਵਿ:ਪੱ:ਨੰ: 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

ਇਕ ਉਤਾਰਾ ਉੱਪ ਸਕੱਤਰ/ ਸਮੂਹ ਅਧੀਨ ਸਕੱਤਰ ਵਿੱਤ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਬਜਟ ਅਫ਼ਸਰ

ਸੇਵਾ ਵਿਖੇ

1. ਉਪ ਸਕੱਤਰ ਵਿੱਤ।
2. ਸਮੂਹ ਅਧੀਨ ਸਕੱਤਰ ਵਿੱਤ।

ਅੰ:ਵਿ:ਪੱ:ਨੰ: 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

File No. FD-FB-108/8/2020-4FB1

1/103202/2020

ਇਕ ਉਤਾਰਾ ਸੰਮੂਹ ਸੁਪਰਡੰਟ ਵਿੱਤ ਖਰਚਾ ਸ਼ਾਖਾਵਾਂ, ਬਜਟ ਸ਼ਾਖਾਵਾਂ ਅਤੇ ਵਿੱਤ ਪ੍ਰਸੋਨਲ ਸ਼ਾਖਾਵਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
**ਬਜਟ ਅਫਸਰ**

ਸੇਵਾ ਵਿਖੇ

1. ਸਮੂਹ ਸੁਪਰਡੰਟ ਵਿੱਤ ਖਰਚਾ ਸ਼ਖਾਵਾਂ ਅਤੇ ਵਿੱਤ ਬਜਟ-2 ਸ਼ਾਖਾ।
2. ਸੁਪਰਡੰਟ, ਵਿੱਤ ਪ੍ਰਸੋਨਲ-1 ਅਤੇ 2 ਸ਼ਾਖਾ।

ਅੰ:ਵਿ:ਪੱ:ਨੰ: 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

ਪਿੱਠ ਅੰਕਣ ਨੰ 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

ਇਕ ਉਤਾਰਾ ਸੰਮੂਹ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ, ਖਜਾਨਾ ਤੇ ਲੇਖਾ ਪੰਜਾਬ ਚੰਡੀਗੜ੍ਹ;
2. ਸਮੂਹ ਜ਼ਿਲਾ ਖਜਾਨਾ ਅਫਸਰ ਅਤੇ ਖਜਾਨਾ ਅਫਸਰ;

ਹਰਵਿੰਦਰ ਸਿੰਘ
**ਬਜਟ ਅਫਸਰ**

ਪਿੱਠ ਅੰਕਣ ਨੰ 3/2/2018-4FB1/ 103202 ਮਿਤੀ, ਚੰਡੀਗੜ੍ਹ: 11 **ਨਵੰਬਰ**, 2020

ਇੱਕ ਉਤਾਰਾ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ) ਪੰਜਾਬ ਚੰਡੀਗੜ੍ਹ ਅਤੇ ਮਹਾਂਲੇਖਾਕਾਰ (ਆਡਿਟ) ਪੰਜਾਬ ਚੰਡੀਗੜ੍ਹ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਹਰਵਿੰਦਰ ਸਿੰਘ
**ਬਜਟ ਅਫਸਰ**

ਕਾਪੀਃ ਸਕੱਤਰ /ਵਿੱਤ ਮੰਤਰੀ, ਪੰਜਾਬ
ਨਿੱਜੀ ਸਕੱਤਰ /ਪ੍ਰਮੁੱਖ ਸਕੱਤਰ ਵਿੱਤ